22130627

International Baccalaureate®
Baccalauréat International
Bachillerato Internacional

**PUNJABI A: LITERATURE – STANDARD LEVEL – PAPER 1**
**PANJABI A : LITTÉRATURE – NIVEAU MOYEN – ÉPREUVE 1**
**PUNJABI A: LITERATURA – NIVEL MEDIO – PRUEBA 1**

Wednesday 8 May 2013 (morning)
Mercredi 8 mai 2013 (matin)
Miércoles 8 de mayo de 2013 (mañana)

1 hour 30 minutes / 1 heure 30 minutes / 1 hora 30 minutos

INSTRUCTIONS TO CANDIDATES

- Do not open this examination paper until instructed to do so.
- Write a guided literary analysis on one passage only. In your answer you must address both of the guiding questions provided.
- The maximum mark for this examination paper is *[20 marks]*.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Rédigez une analyse littéraire dirigée d'un seul des passages. Les deux questions d'orientation fournies doivent être traitées dans votre réponse.
- Le nombre maximum de points pour cette épreuve d'examen est *[20 points]*.

INSTRUCCIONES PARA LOS ALUMNOS

- No abra esta prueba hasta que se lo autoricen.
- Escriba un análisis literario guiado sobre un solo pasaje. Debe abordar las dos preguntas de orientación en su respuesta.
- La puntuación máxima para esta prueba de examen es *[20 puntos]*.


© International Baccalaureate Organization 2013

https://xtremepape.rs/

*ਸਿਰਫ **ਇੱਕ** ਬੰਦ ਦਾ ਨਿਰਦੇਸ਼ਿਤ ਸਾਹਿਤਕ ਵਿਸ਼ਲੇਸ਼ਣ ਲਿਖੋ। ਆਪਣੇ ਉੱਤਰ ਵਿੱਚ ਤੁਹਾਨੂੰ ਨਿਰਦੇਸ਼ਨ ਕਰਦੇ ਦਿੱਤੇ ਹੋਏ ਦੋਹਾਂ ਸਵਾਲਾਂ ਬਾਰੇ ਜ਼ਰੂਰ ਲਿਖਣਾ ਚਾਹੀਦਾ ਹੈ।*

**1.**

ਇਕਰਾਰ ਅਨੁਸਾਰ ਜਸਬੀਰ ਉਹਨੂੰ ਲੈਣ ਗਿਆ ਤਾਂ ਚਰਨਜੀਤ ਨੇ ਸਾਫ ਕਹਿ ਦਿੱਤਾ ਕਿ ਜਦ ਤੱਕ ਉਹ ਮਾਂ ਨਾਲੋਂ ਜੁਦਾ ਨਹੀਂ ਹੁੰਦਾ, ਮੈਂ ਨਹੀਂ ਜਾਣਾ। ਜਸਬੀਰ ਨੇ ਉਹਨੂੰ ਆਪਣੀ ਮਾਂ ਦੀ ਅਵਸਥਾ ਦੱਸ ਕੇ ਬਥੇਰਾ ਮਨਾਉਣ ਦੀ ਕੋਸ਼ਿਸ਼ ਕੀਤੀ। ਰਤਨ ਦੀ ਸਥਿਤੀ ਦਾ ਆਸਰਾ ਵੀ ਲਿਆ। ਇਹ ਵੀ ਕਿਹਾ ਕਿ ਦੋ-ਚਹੁੰ ਸਾਲਾਂ ਨੂੰ ਵੱਖ ਹੋ ਜਾਵਾਂਗੇ। ਜਦ ਤੱਕ ਰੱਤੀ ਕਿਸੇ ਬੰਨੇ ਕੰਢੇ ਲੱਗ ਜਾਵੇਗਾ ਪਰ ਚਰਨਜੀਤ ਟਸ ਤੋਂ ਮਸ ਨਾ ਹੋਈ। ਅੰਤ ਜਸਬੀਰ ਮੁੜ ਆਇਆ। ਚਰਨਜੀਤ ਨੂੰ ਨਾਲ ਨਾ ਦੇਖ ਕੇ ਮਾਂ ਨੇ ਡਾਡ ਮਾਰੀ, "ਵੇ ਚਰਨਜੀਤ …?" "ਉਹ ਆਈ ਨਹੀਂ ਮੰਮੀ ਜੀ।"

"ਆਈ ਕਿਉਂ ਨਈਂ?"

"ਐਮੀਂ।" ਆਖ ਕੇ ਜਸਬੀਰ ਚੁੱਪ ਕਰ ਗਿਆ।

"ਵੇ ਦੱਸਦਾ ਕਾਹਤੋਂ ਨਈਂ? ਕੀ ਗੱਲ ਹੋਈ?"

"ਆਖਦੀ ਆ ਕਿ ਉਹ ਸਾਂਝੇ ਘਰ 'ਚ ਨਈਂ ਆ ਸਕਦੀ। ਜੁਦਾ ਹੋਣ 'ਤੇ ਆਵੇਗੀ।"

ਪਲ ਦੀ ਪਲ ਤਾਂ ਮਨਜੀਤ ਨੂੰ ਇੰਜ ਲੱਗਾ ਜਿਵੇਂ ਹੇਠਲੀ ਉਤੇ ਆ ਗਈ ਹੋਵੇ। ਉਹਦਾ ਸਾਰਾ ਸੁਪਨ-ਮਹੱਲ ਖਾੜ ਖਾੜ ਕਰਕੇ ਡਿੱਗ ਪਿਆ ਹੋਵੇ। ਉਹਦੀਆਂ ਬੱਸ ਧੂੜਾਂ ਹੀ ਉਡਦੀਆਂ ਦਿਸ ਰਹੀਆਂ ਹੋਣ। ਦੋ ਤਿੰਨ ਵਾਰੀ ਗੱਲ ਕਰਨ ਦਾ ਯਤਨ ਵੀ ਕੀਤਾ ਪਰ ਮੂੰਹੋਂ ਸ਼ਬਦ ਬਾਹਰ ਆ ਹੀ ਨਹੀਂ ਰਹੇ ਸਨ। ਕਿੰਨੀ ਦੇਰ ਮਗਰੋਂ ਉਹ ਰਤਾ ਸੰਭਲੀ। ਉਹ ਥੋੜ੍ਹਾ ਬਹੁਤ ਆਪੇ 'ਚ ਪਰਤੀ ਤਾਂ ਦਿਲ ਨੂੰ ਗੰਢ ਦੇ ਕੇ ਕਹਿਣ ਲੱਗੀ, "ਚੱਲ ਪੁੱਤ ਉਹਦਾ ਕਹਿਣਾ ਈ ਮੰਨ ਲੈ!"

"ਮੈਂ ਤੁਹਾਨੂੰ ਤੇ ਰੱਤੀ ਨੂੰ ਛੱਡ ਕੇ ਕਿੱਦਾਂ ਜੁਦਾ ਹੋ ਸਕਦਾਂ?"

"ਹੈਗਾ ਤਾਂ ਬਹੁਤ ਔਖਾ ਪਰ ਜੇ ਉਹ ਬਜ਼ਿਦ ਆ ਤਾਂ ਹੋਰ ਕੋਈ ਰਾਹ ਵੀ ਨਈਂ!"

"ਬੈਠੀ ਰਹੇ ਉੱਥੇ।"

"ਇਹ ਤਾਂ ਕੋਈ ਹੱਲ ਨਈਂ ਕਾਕਾ।"

"ਤਾਂ ਮੈਂ ਤੁਹਾਨੂੰ ਤੇ ਰੱਤੀ ਨੂੰ ਛੱਡ ਕੇ ਜੁਦਾ ਹੋ ਜਾਵਾਂ?"

"ਹਾਂ, ਹੁਣ ਇਹੀ ਰਾਹ ਠੀਕ ਹੈ ਕਾਕਾ!" ਮਾਂ ਨੇ ਦਿਲ ਤੇ ਪੱਥਰ ਰੱਖ ਕੇ ਕਹਿ ਦਿੱਤਾ।

"ਮੈਂ ਉਹਦੀ ਹਰ ਗੱਲ ਮੰਨਣ ਲਈ ਤਿਆਰ ਹਾਂ ਪਰ ਇਹ ਨਈਂ ਮੰਨ ਸਕਦਾ।"

"ਹਰ ਗੱਲ ਵਿੱਚ ਇਹ ਗੱਲ ਵੀ ਔਂਦੀ ਆ ਪੁੱਤ!"

"ਤੁਸੀਂ ਵੀ ਇਹੀ ਚਾਹੁੰਦੇ ਹੋ?"

"ਹਾਂ ਕਾਕਾ!" ਮਾਂ ਨੇ ਜ਼ਹਿਰ ਦੀ ਗੋਲੀ ਨਿਗਲ ਕੇ ਕਿਹਾ, "ਏਦਾਂ ਉਹਦੀ ਤੇ ਤੇਰੀ ਜ਼ਿੰਦਗੀ ਰੁਲਣੋਂ ਬਚ ਜਾਵੇਗੀ।"

"ਤੁਹਾਡੀ ਬੇਸ਼ਕ ਰੁਲਦੀ ਰਹੇ?"

ਮਨਜੀਤ ਨੇ ਪਹਿਲਾਂ ਤਾਂ ਕਹਿਣਾ ਚਾਹਿਆ ਕਿ ਉਹਦੀ ਤਾਂ ਚੌਦਾਂ ਸਾਲ ਪਹਿਲਾਂ ਹੀ ਰੁਲ ਗਈ ਸੀ। ਰੁਲੀ ਦਾ ਹੋਰ ਕੀ ਰੁਲ ਜਾਵੇਗਾ ਪਰ ਦੂਜੇ ਪਲ ਹੀ ਉਹ ਆਪੇ 'ਤੇ ਕਾਬੂ ਪਾਉਂਦੀ ਹੋਈ ਕਹਿਣ ਲੱਗੀ, "ਨਈਂ, ਮੇਰੀ ਵੀ ਰੁਲਦੀ। ਤੁਹਾਡੀ ਖੁਸ਼ੀ ਮੇਰੀ ਖੁਸ਼ੀ ਏ! ਨਾਲੇ ਮੇਰੇ ਕੋਲ ਰੱਤੀ ਜੁ ਏ। ਤੁਸੀਂ ਵੀ ਕਦੀ ਕਦੀ ਆ ਕੇ ਮੈਨੂੰ ਦੇਖ ਜਾਇਆ ਕਰਿਓ।"

"ਰੱਤੀ ਦਾ ਵਿਆਹ ਵੀ ਤਾਂ ਹੋਣੈ ਮੰਮੀ? ਉਹਦੀ ਵਾਈਫ ਨਾ ਉਹਨੂੰ ਜੁਦਾ ਹੋਣ ਲਈ ਆਖੂ?"

"ਹੋ ਸਕਦੈ ਉਹ ਨਾ ਆਖੇ। ਸਾਰੀ ਦੁਨੀਆਂ ਇੱਕੋ ਜਿਹੀ ਥੋੜ੍ਹੀ ਹੁੰਦੀ ਏ?"

ਕਾਫੀ ਚਿਰ ਦਲੀਲਬਾਜ਼ੀ ਹੁੰਦੀ ਰਹੀ। ਅੰਤ ਮਨਜੀਤ ਨੇ ਆਪਣੀ ਦਲੀਲ ਨਾਲ ਜਸਬੀਰ ਨੂੰ ਮਨਾ ਲਿਆ। ਉਹਨੂੰ ਸਹੁਰਿਆਂ ਨੂੰ ਤੋਰ ਕੇ ਮਨਜੀਤ ਵੱਢੇ ਰੁੱਖ ਵਾਂਗ ਘੁੰਮੇਟਣੀ ਖਾ ਕੇ ਬੈਡਸੈਟੀ 'ਤੇ ਮੂੰਹ ਭਾਰ ਢਹਿ ਪਈ। ਫਿਰ ਉਹਦੀ ਛਾਤੀ ਦਾ ਉਭਾਰ ਜ਼ੋਰ ਜ਼ੋਰ ਦੀ ਉਭਰਨ ਲੱਗ ਪਿਆ। ਵੇਖਦਿਆਂ ਵੇਖਦਿਆਂ ਉਹਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਵਗਣ ਲੱਗ ਪਏ। ਦਿਲ ਦਾ ਗੁਬਾਰ ਵਹਿ ਹਟਿਆ ਤਾਂ ਉਹ ਮੀਲ ਮੀਲ ਭਰ ਲੰਮੇ ਹਉਕੇ ਲੈ ਕੇ ਬੈਠ ਗਈ। ਬੈਠੀ ਬੈਠੀ ਨੂੰ ਜਾਪਣ ਲੱਗਾ ਜਿਵੇਂ ਬੜੇ ਜ਼ੋਰ ਦੀ ਝੱਖੜ ਝੁੱਲ ਰਿਹਾ ਹੋਵੇ ਜਿਹੜਾ ਹਰ ਸ਼ੈਅ ਉਲਟਾਈ ਪਲਟਾਈ ਜਾ ਰਿਹਾ ਸੀ। ਮਜ਼ਬੂਤ ਤੋਂ ਮਜ਼ਬੂਤ ਰੁੱਖ ਵੀ ਪੁੱਟੀ ਜਾ ਰਿਹਾ ਸੀ, ਉਖਾੜੀ ਜਾ ਰਿਹਾ ਸੀ। ਫਿਰ ਉਹ ਰੁੱਖ ਕਿੰਜ ਸਹੀ ਸਲਾਮਤ ਰਹਿ ਸਕਦਾ ਸੀ ਜਿਸ ਹੇਠ ਉਹ ਆਲ੍ਹਣਾ ਬਣਾਈ ਬੈਠੀ ਸੀ? ਉਸ ਵੀ ਤਾਂ ਉਖੜਨਾ ਹੀ ਸੀ। ਉਹਦੇ ਨਾਲ ਵੀ ਇਹ ਭਾਣਾ ਬੀਤਣਾ ਹੀ ਸੀ।

ਦਰਸ਼ਨ ਸਿੰਘ ਧੀਰ, *ਝੱਖੜ ਤੇ ਰੁੱਖ*, *ਡਰਿਆ ਮਨੁੱਖ* (1994)



https://xtremepape.rs/

(a) ਵਾਰਤਾ ਵਿੱਚਲੇ ਪਾਤਰਾਂ ਅਤੇ ਹਾਲਾਤਾਂ ਬਾਰੇ ਤੁਸੀਂ ਕੀ ਸਮਝਦੇ ਹੋ ?

(b) ਲੇਖਕ ਵਲੋਂ ਵਰਤੀ ਗਈ ਬੋਲੀ ਅਤੇ ਵਾਰਤਾਲਾਪ ਵਾਰਤਾ ਵਿੱਚ ਪੇਸ਼ ਕੀਤੇ ਗਏ ਮਨੋਭਾਵਾਂ ਨੂੰ ਵਾਸਤਵਿਕ ਬਨਾਉਣ ਵਿੱਚ ਕਿਵੇਂ ਮਦਦ ਕਰਦੇ ਹਨ ?



https://xtremepape.rs/

**2.**

## ਫੇਰਾ ਤਾਂ ਕਦੇ ਪਾ ਵੇ

ਵਿੱਚ ਪਰਦੇਸ ਦੇ ਬਹਿ ਗਿਆ ਜਾ ਕੇ, ਫੇਰਾ ਤਾਂ ਕਦੇ ਪਾ ਵੇ,
ਮੇਰੀ ਮਹਿੰਦੀ ਦਾ ਰੰਗ ਉਦਾਸ ਹੋ ਗਿਆ, ਮੁੜ ਵਤਨਾਂ ਵੱਲ ਆ ਵੇ ।

ਨਾ ਬੇਦਰਦਾ ਤੈਨੂੰ ਦਰਦ ਹੋਇਆ, ਨਾ ਬੇਰਹਿਮਾਂ ਤੂੰ ਰਹਿਮ ਕੀਤਾ,
ਨਾ ਨੀਂਦ ਰਾਤਾਂ ਨੂੰ ਆਉਂਦੀ ਵੇ, ਨਾ ਦੋ ਘੜੀਆਂ ਦਿਨੇ ਚੈਨ ਕੀਤਾ,
ਮੈਨੂੰ ਦੁਨੀਆਂ ਉਜੜੀ ਜਾਪਦੀ ਹੈ, ਤੂੰ ਹੋਰ ਨਾ ਜਿੰਦ ਤੜਫਾ ਵੇ,
ਮੇਰੀ ਮਹਿੰਦੀ ਦਾ ਰੰਗ ਉਦਾਸ ਹੋ ਗਿਆ, ਮੁੜ ਵਤਨਾਂ ਵੱਲ ਆ ਵੇ ।

ਦਿਲ ਦੇ ਵਿੱਚ ਲਕੋ ਕੇ ਰੱਖੀ, ਮੈਂ ਸੱਜਣਾ ਤਸਵੀਰ ਤੇਰੀ,
ਪਰਦੇਸੀ ਨਾਲ ਵਿਆਹ ਰੱਬਾ, ਕਿਹੋ ਜਿਹੀ ਤਕਦੀਰ ਮੇਰੀ,
ਚੜ੍ਹਿਆ ਚੰਨ ਤੂੰ ਮੇਰਾ ਸੱਜਣਾ, ਨਾ ਬੱਦਲਾਂ ਹੇਠ ਛੁਪਾ ਵੇ,
ਮੇਰੀ ਮਹਿੰਦੀ ਦਾ ਰੰਗ ਉਦਾਸ ਹੋ ਗਿਆ, ਮੁੜ ਵਤਨਾਂ ਵੱਲ ਆ ਵੇ ।

ਯਾਰਾਂ ਨਾਲ ਬਹਾਰਾਂ ਹੁੰਦੀਆਂ, ਸੱਚ ਸਿਆਣੇ ਕਹਿੰਦੇ,
ਨਾਰ ਨਿਆਣੀ ਦੇ ਘਰ ਸੱਜਣਾ, ਉਲਝੇ ਤਾਣੇ ਰਹਿੰਦੇ,
ਹੁਣ ਨਾ ਸੱਜਣਾ ਵਿੱਚ ਚਿੱਠੀ ਦੇ, ਝੂਠਾ ਲਾਰਾ ਲਾ ਵੇ,
ਮੇਰੀ ਮਹਿੰਦੀ ਦਾ ਰੰਗ ਉਦਾਸ ਹੋ ਗਿਆ, ਮੁੜ ਵਤਨਾਂ ਵੱਲ ਆ ਵੇ ।

ਕੋਟਲੀ ਵਾਲੇ ਮੁਚਰੇ ਵਾਗੂੰ, ਵਸਦੈਂ ਤੂੰ ਤਾਂ ਦੂਰ ਚੰਨਾ,
ਕਾਗ ਬਨੇਰੇ ਉੱਤੋਂ ਉਡਾਉਂਦੀ, ਰਹਿੰਦੀ ਤੇਰੀ ਹੂਰ ਚੰਨਾ,
ਅਰਜ਼ ਕਰਾਂ ਮੈਂ ਸੰਧੂਆ ਤੈਨੂੰ, ਆ ਕੇ ਮੁੱਖ ਦਿਖਾ ਵੇ,
ਮੇਰੀ ਮਹਿੰਦੀ ਦਾ ਰੰਗ ਉਦਾਸ ਹੋ ਗਿਆ, ਮੁੜ ਵਤਨਾਂ ਵੱਲ ਆ ਵੇ ।

ਜਸਵੀਰ ਸੰਧੂ ਤੇ ਕਾਕਾ ਮੁਚਰਾ, *ਸਾਡਾ ਚਿੜੀਆਂ ਦਾ ਚੰਬਾ ਵੇ* (2007)

(a) ਇਸ ਕਵਿਤਾ ਵਿੱਚ ਪੇਸ਼ ਕੀਤੇ ਮਨੋਭਾਵਾਂ ਤੇ ਟਿੱਪਣੀ ਕਰੋ ।

(b) ਕਵਿਤਾ ਵਿੱਚ ਵਰਤੀ ਗਈ ਬੋਲੀ, ਸ਼ਬਦਾਵਲੀ ਅਤੇ ਕਵੀ ਦੇ ਲਿਖਣ ਦੇ ਢੰਗ ਬਾਰੇ ਟਿੱਪਣੀ ਕਰੋ ।



https://xtremepape.rs/